# INDEPENDENT TOLL REVIEW

## ਲੱਭਤਾਂ ਅਤੇ ਸਿਫ਼ਾਰਸ਼ਾਂ

## NSW ਸੁਤੰਤਰ ਟੋਲ ਸਮੀਖਿਆ ਦੀ ਅੰਤਿਮ ਰਿਪੋਰਟ

ਜੁਲਾਈ 2024

# ਇਹ ਦਸਤਾਵੇਜ਼ ਸੁਤੰਤਰ ਟੋਲ ਸਮੀਖਿਆ ਦੀ ਅੰਤਿਮ ਰਿਪੋਰਟ ਦੀਆਂ ਲੱਭਤਾਂ ਅਤੇ ਸਿਫ਼ਾਰਸ਼ਾਂ ਨੂੰ ਪੇਸ਼ ਕਰਦਾ ਹੈ

NSW ਸਰਕਾਰ ਨੇ ਟੋਲ ਨੈੱਟਵਰਕ ਨੂੰ ਸੁਧਾਰਨ ਲਈ ਸੁਧਾਰ ਕਰਨ ਦੇ ਤਰੀਕਿਆਂ ਦੀ ਪਛਾਣ ਕਰਨ ਲਈ ਇੱਕ ਸੁਤੰਤਰ ਟੋਲ ਸਮੀਖਿਆ ਦੀ ਸਥਾਪਨਾ ਕੀਤੀ ਹੈ।

ਇਸ ਸੁਤੰਤਰ ਟੋਲ ਸਮੀਖਿਆ ਨੇ ਜੁਲਾਈ 2024 ਵਿੱਚ ਇੱਕ ਅੰਤਿਮ ਰਿਪੋਰਟ ਜਾਰੀ ਕੀਤੀ ਹੈ, ਟੋਲ ਸੁਧਾਰ ਲਈ ਜਨਤਕ ਵਿਚਾਰ-ਵਟਾਂਦਰੇ ਲਈ ਅੰਤਿਮ ਲੱਭਤਾਂ ਅਤੇ ਸਿਫ਼ਾਰਸ਼ਾਂ ਪੇਸ਼ ਕੀਤੀਆਂ ਹਨ।

# ਅੰਤਿਮ ਰਿਪੋਰਟ: ਲੱਭਤਾਂ

### ਟੋਲ ਨਿਰਧਾਰਤ ਕਰਨ ਦੀ ਪ੍ਰਕਿਰਿਆ

**ਲੱਭਤ 1:** ਟੋਲ ਨਿਰਧਾਰਤ ਕਰਨ ਦੀ ਪ੍ਰਕਿਰਿਆ ਵਿਚ ਕਮੀਆਂ ਹਨ।

### ਜਨਤਕ ਨਿੱਜੀ ਭਾਈਵਾਲੀਆਂ

**ਲੱਭਤ 2:** ਟੋਲ ਨਿਰਧਾਰਤ ਕਰਨ ਨਾਲ ਸੰਬੰਧਿਤ PPP ਪ੍ਰਬੰਧਾਂ ਬਾਰੇ ਅਹਿਮ ਜਾਣਕਾਰੀ ਦਾ ਖੁਲਾਸਾ ਲੋਕਾਂ ਨੂੰ ਨਹੀਂ ਕੀਤਾ ਜਾਂਦਾ ਹੈ, ਜੋ ਜਨਤਕ ਸਮਝ ਲਈ ਸਹਾਇਕ ਜਾਣਕਾਰੀ ਦੀ ਉਪਲਬਧਤਾ ਨੂੰ ਘਟਾਉਂਦੀ ਹੈ।

**ਲੱਭਤ 3:** ਟੋਲ ਸੜਕ ਉਪਭੋਗਤਾ ਟੋਲ ਸੜਕਾਂ ਦੀ ਲਾਗਤ ਦਾ ਇੱਕ ਅਸਧਾਰਨ ਤੌਰ 'ਤੇ ਜ਼ਿਆਦਾ ਹਿੱਸਾ ਬਰਦਾਸ਼ਤ ਕਰਦੇ ਹਨ।

### ਟੋਲ ਢਾਂਚਾ

**ਲੱਭਤ 4:** ਟੋਲ ਲਈ ਕੋਈ ਇੱਕ ਸਮੁੱਚੀ ਪ੍ਰਣਾਲੀ ਮੌਜੂਦ ਨਹੀਂ ਹੈ।

**ਲੱਭਤ 5:** ਇੱਕ ਏਕੀਕ੍ਰਿਤ ਕੀਮਤ ਪ੍ਰਣਾਲੀ ਦੀ ਘਾਟ ਜਟਿਲਤਾ, ਅਕੁਸ਼ਲਤਾ, ਅਸਮਾਨਤਾ ਅਤੇ ਬੇਇਨਸਾਫ਼ੀ ਪੈਦਾ ਕਰਦੀ ਹੈ।

**ਲੱਭਤ 6:** ਟੋਲ ਬਹੁਤ ਜ਼ਿਆਦਾ ਸਥਿਰ ਹੁੰਦੇ ਹਨ ਅਤੇ ਸਮੀਖਿਆ ਕੀਤੇ ਜਾਣ ਦੇ ਵਿਕਲਪਾਂ ਤੋਂ ਬਗ਼ੈਰ ਕਈ-ਕਈ ਦਹਾਕਿਆਂ ਲਈ ਲਾਕ-ਇਨ ਹੁੰਦੇ ਹਨ।

**ਲੱਭਤ 7:** ਜ਼ਿਆਦਾਤਰ ਟੋਲ ਸੜਕਾਂ 'ਤੇ, ਆਵਾਜਾਈ ਪ੍ਰਬੰਧਨ ਨੂੰ ਬਿਹਤਰ ਬਣਾਉਣ ਲਈ ਦਿਨ-ਦੇ-ਸਮੇਂ ਅਨੁਸਾਰ ਕੀਮਤ ਦੀ ਵਰਤੋਂ ਨਹੀਂ ਕੀਤੀ ਜਾਂਦੀ ਹੈ।

**ਲੱਭਤ 8:** ਟੋਲਾਂ ਦਾ ਵਿੱਤੀ ਪ੍ਰਭਾਵ ਵੈਸਟਰਨ ਸਿਡਨੀ ਵਿੱਚ ਸਭ ਤੋਂ ਵੱਧ ਹੈ।

**ਲੱਭਤ 9**: ਉਪਲਬਧ ਸਬੂਤ ਸੁਝਾਅ ਦਿੰਦੇ ਹਨ ਕਿ ਟਰਾਂਸਰਬਨ ਦਾ ਮੁਨਾਫ਼ਾ ਹਾਲ ਹੀ ਦੇ ਸਾਲਾਂ ਵਿੱਚ ਬਹੁਤ ਜ਼ਿਆਦਾ ਨਹੀਂ ਰਿਹਾ ਹੈ। ਇਸਦੇ NSW ਟੋਲ ਸੜਕਾਂ ਦੇ ਮੌਜੂਦਾ ਪੋਰਟਫੋਲੀਓ ਦਾ ਮੁਨਾਫ਼ਾ ਟ੍ਰੈਫਿਕ ਅਤੇ ਟੋਲ ਦਰ ਵਿੱਚ ਵਾਧੇ ਅਤੇ ਨਿਰਮਾਣ ਲਾਗਤਾਂ ਵਿੱਚ ਗਿਰਾਵਟ ਹੋਣ ਦੇ ਨਾਲ ਸਮੇਂ ਦੇ ਨਾਲ ਵੱਧਣ ਦੀ ਸੰਭਾਵਨਾ ਹੈ।

## ਟੋਲਾਂ ਦਾ ਪੱਧਰ

**ਲੱਭਤ 10:** ਟੋਲਾਂ ਦਾ ਪੱਧਰ ਲੋੜ ਅਤੇ ਇੱਛਾ ਤੋਂ ਵੱਧ ਜਾਪਦਾ ਹੈ।

## ਮੁਕਾਬਲਾ

**ਲੱਭਤ 11:** ਸਿਡਨੀ ਵਿੱਚ ਟੋਲ ਸੜਕਾਂ ਦੇ ਮੌਜੂਦਾ ਪ੍ਰਬੰਧ ਵਿੱਚ ਟਰਾਂਸਰਬਨ ਦੀ ਦਬਦਬੇ ਵਾਲੀ ਸਥਿਤੀ ਹੈ।

**ਲੱਭਤ 12:** NSW ਦੀ ਮਾਰਕੀਟ ਵਿੱਚ ਟੋਲ ਸੜਕਾਂ ਦੇ ਰਿਆਇਤੀ ਠੇਕਿਆਂ ਦੀ ਪ੍ਰਾਪਤੀ ਲਈ ਟਰਾਂਸਰਬਨ ਦਾ ਦਬਦਬਾ ਹੈ।

**ਲੱਭਤ 13:** ਟੋਲ ਰਿਟੇਲਰ ਮਾਰਕੀਟ ਵਿੱਚ ਟਰਾਂਸਰਬਨ ਦੀ ਬਾਕੀਆਂ ਨਾਲੋਂ ਹਾਵੀ ਸਥਿਤੀ ਟੋਲਿੰਗ ਰਿਆਇਤਾਂ ਲਈ ਮੁਕਾਬਲੇ ਨੂੰ ਪ੍ਰਭਾਵਿਤ ਕਰ ਸਕਦੀ ਹੈ।

## ਟੋਲ ਪਾਰਦਰਸ਼ਤਾ

**ਲੱਭਤ 14:** ਟੋਲ ਕੀਮਤ ਦੀ ਮੌਜੂਦਾ ਜਾਣਕਾਰੀ ਵਾਹਨ ਚਾਲਕਾਂ ਨੂੰ ਯੋਗ, ਸੂਚਿਤ ਅਤੇ ਸਿੱਖਿਅਤ ਕਰਨ ਵਿੱਚ ਅਸਫ਼ਲ ਰਹਿੰਦੀ ਹੈ ਇਸ ਤਰ੍ਹਾਂ ਉਪਭੋਗਤਾ ਸ਼ਕਤੀਕਰਨ ਅਤੇ ਕੁਸ਼ਲ ਫ਼ੈਸਲੇ ਲੈਣ ਵਿੱਚ ਕਮੀ ਆਉਂਦੀ ਹੈ।

## ਟੋਲ ਰਾਹਤ ਸਕੀਮਾਂ

**ਲੱਭਤ 15:** ਟੋਲ ਰਾਹਤ ਸਕੀਮਾਂ ਨਾਲੋਂ ਟੋਲ ਸੁਧਾਰ ਕਰਨੇ ਤਰਜੀਹੀ ਹਨ। ਮੌਜੂਦਾ ਟੋਲ ਰਾਹਤ ਸਕੀਮਾਂ ਬਹੁਤ ਜ਼ਿਆਦਾ ਗੁੰਝਲਦਾਰ ਪ੍ਰਸ਼ਾਸਨ ਦੇ ਕਾਰਨ ਅਢੁੱਕਵੇਂ ਤੌਰ 'ਤੇ ਟੀਚਾਗਤ ਅਤੇ ਘੱਟ ਵਰਤੀਆਂ ਜਾ ਰਹੀਆਂ ਹਨ। ਟੋਲ ਰਾਹਤ ਸਕੀਮਾਂ ਟੋਲ ਵਿੱਚ ਵਾਧੇ ਦੇ ਮੌਜੂਦਾ ਪੈਟਰਨ ਅਤੇ ਰਾਹਤ ਫ਼ੰਡ ਲਈ ਸਰਕਾਰੀ ਸਰੋਤਾਂ ਦੀ ਉਪਲਬਧਤਾ 'ਤੇ ਸੀਮਾਵਾਂ ਦੇ ਮੱਦੇਨਜ਼ਰ ਵਿੱਤੀ ਤੌਰ 'ਤੇ ਚਿਰ ਟਿਕਾਊ ਨਹੀਂ ਹੈ।

**ਲੱਭਤ 16:** ਰਿਆਇਤਕਰਤਾ ਟੋਲ ਰਾਹਤ ਲਈ ਮੌਜੂਦਾ ਪਹੁੰਚ ਦੇ ਅਣਇੱਛਤ ਲਾਭਪਾਤਰੀ ਹਨ। ਟੋਲ ਰਾਹਤ ਦੁਆਰਾ ਪੈਦਾ ਕੀਤੀ ਮੰਗ ਦੁਆਰਾ ਵਧੀ ਹੋਈ ਟ੍ਰੈਫਿਕ ਅਤੇ ਟੋਲ ਸੜਕਾਂ ਦੀ ਸਰਪ੍ਰਸਤੀ ਟੋਲ ਓਪਰੇਟਰਾਂ ਦੇ ਮਾਲੀਏ ਨੂੰ ਵਧਾ ਕੇ ਉਨ੍ਹਾਂ ਨੂੰ ਸਿੱਧਾ ਲਾਭ ਪਹੁੰਚਾਉਂਦੀ ਹੈ।

# ਅੰਤਿਮ ਰਿਪੋਰਟ: ਸ਼ੁਰੂਆਤੀ ਸਿਫ਼ਾਰਸ਼ਾਂ

## ਟੋਲ ਲਗਾਉਣ ਦੇ ਸਿਧਾਂਤ

**ਸਿਫ਼ਾਰਸ਼ 1:** NSW ਸਰਕਾਰ ਨੂੰ ਸੁਝਾਅ ਦਿੱਤੇ ਗਏ ਨਵੇਂ ਟੋਲ ਲਗਾਉਣ ਦੇ ਸਿਧਾਂਤਾਂ ਨੂੰ ਅਪਣਾਉਣਾ ਚਾਹੀਦਾ ਹੈ।

## ਸੁਧਾਰ ਕਰਨ ਦਾ ਮੌਕਾ: ਨੈੱਟਵਰਕ ਟੋਲਿੰਗ ਵੱਲ ਨੂੰ ਵੱਧਣਾ

**ਸਿਫ਼ਾਰਸ਼ 2:** NSW ਸਰਕਾਰ ਨੂੰ ਨੈੱਟਵਰਕ ਟੋਲਿੰਗ ਅਪਣਾਉਣੀ ਚਾਹੀਦੀ ਹੈ। ਲਾਗੂ ਕਰਨ ਲਈ ਵਿਸਥਾਰਕ ਯੋਜਨਾਬੰਦੀ, ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਅਤੇ ਪੈਣ ਵਾਲੇ ਪ੍ਰਭਾਵਾਂ ਦੀ ਨਜ਼ਦੀਕੀ ਨਿਗਰਾਨੀ ਕਰਨ ਦੀ ਲੋੜ ਹੋਵੇਗੀ।

**ਸਿਫ਼ਾਰਸ਼ 3:** NSW ਸਰਕਾਰ ਨੂੰ ਨੈੱਟਵਰਕ ਟੋਲਿੰਗ ਦੀ ਬੁਨਿਆਦੀ ਤੌਰ 'ਤੇ ਘੱਟਦੀ ਦੂਰੀ ਅਧਾਰਿਤ ਟੋਲ ਨੂੰ ਅਪਣਾਉਣਾ ਚਾਹੀਦਾ ਹੈ। ਇਹ ਟੋਲ ਲਈ ਇੱਕ ਸਰਲ, ਵਧੇਰੇ ਇਕਸਾਰ ਅਤੇ ਉਚਿਤ ਪ੍ਰਣਾਲੀ ਵੱਲ ਅਗਵਾਈ ਕਰੇਗਾ ਜੋ ਇਸ ਸਮੀਖਿਆ ਨੂੰ ਵਿਚਾਰਨ ਲਈ ਕਿਹਾ ਗਿਆ ਹੈ, ਅਰਥਾਤ ਕੁਸ਼ਲਤਾ, ਨਿਰਪੱਖਤਾ, ਸਾਦਗੀ ਅਤੇ ਪਾਰਦਰਸ਼ਤਾ ਦੇ ਮਾਪਦੰਡਾਂ ਦੇ ਨਾਲ ਵਧੇਰੇ ਨਜ਼ਦੀਕੀ ਤੌਰ 'ਤੇ ਮੇਲ ਖਾਂਦਾ ਹੈ।

**ਸਿਫ਼ਾਰਸ਼ 4:** NSW ਸਰਕਾਰ ਨੂੰ ਸਿਡਨੀ ਵਾਹਨ ਚਾਲਕਾਂ ਲਈ ਟੋਲ ਦੀ ਦਰ ਦੇ ਪੱਧਰ ਨੂੰ ਘਟਾਉਣ ਦੇ ਤਰੀਕਿਆਂ 'ਤੇ ਵਿਚਾਰ ਕਰਨਾ ਚਾਹੀਦਾ ਹੈ ਅਤੇ ਖ਼ਾਸ ਤੌਰ 'ਤੇ ਟੋਲਿੰਗ ਪ੍ਰਣਾਲੀ ਦੇ ਅੰਦਰੋਂ, ਟੋਲ ਨੂੰ ਘੱਟ ਕਰਨ ਨੂੰ ਯਕੀਨੀ ਬਣਾਉਣ ਦਾ ਰਾਹ ਬਣਾਉਣ ਲਈ ਮਾਲੀ-ਸਹਾਇਤਾ ਸਰੋਤਾਂ ਦੀ ਪੜਚੋਲ ਕਰਨੀ ਚਾਹੀਦੀ ਹੈ।

**ਸਿਫ਼ਾਰਸ਼ 5**: ਸਮੀਖਿਆ ਇਹ ਸਿਫ਼ਾਰਸ਼ ਕਰਦੀ ਹੈ ਕਿ ਸਰਕਾਰ ਰਿਆਇਤਾਂ ਦੀ ਲੰਬਾਈ ਨੂੰ ਨਿਰਧਾਰਤ ਕਰਨ ਅਤੇ ਰਿਆਇਤਾਂ ਪ੍ਰਾਪਤ ਕਰਨ ਵਾਲਿਆਂ ਤੋਂ ਟ੍ਰੈਫਿਕ ਜ਼ੋਖਮ ਨੂੰ ਦੂਰ ਕਰਨ ਲਈ ਮਾਲੀਏ ਦੇ ਸ਼ੁੱਧ ਮੌਜੂਦਾ ਮੁੱਲ (NPVR) ਪਹੁੰਚ ਦੇ ਸੰਭਾਵੀ ਉਪਯੋਗ ਦੀ ਹੋਰ ਪੜਚੋਲ ਕਰੇ।

**ਸਿਫ਼ਾਰਸ਼ 6:** NSW ਸਰਕਾਰ ਨੂੰ ਨੈੱਟਵਰਕ ਟੋਲਿੰਗ ਵਿੱਚ ਤਬਦੀਲੀ ਦਾ ਸਮਰਥਨ ਕਰਨ ਵਿੱਚ ਟੋਲ ਰਾਹਤ ਦੀ ਭੂਮਿਕਾ 'ਤੇ ਵਿਚਾਰ ਕਰਨਾ ਚਾਹੀਦਾ ਹੈ। ਟੋਲ ਰਾਹਤ ਵਿੱਚ ਮਹੱਤਵਪੂਰਨ ਬਦਲਾਅ ਸਮੇਂ ਦੇ ਨਾਲ ਪੜਾਅਵਾਰ ਕੀਤੇ ਜਾਣ ਦੀ ਲੋੜ ਹੋ ਸਕਦੀ ਹੈ।

**ਸਿਫ਼ਾਰਸ਼ 7:** ਜੇਕਰ NSW ਸਰਕਾਰ ਟੋਲ ਰਾਹਤ ਨੂੰ ਵਧਾਉਣ ਜਾਂ ਪੜਾਅਵਾਰ ਖ਼ਤਮ ਕਰਨ ਦੀ ਚੋਣ ਕਰਦੀ ਹੈ, ਤਾਂ ਇਹ ਹੇਠਾਂ ਦਿੱਤੇ ਸਿਧਾਂਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਹੋਣਾ ਚਾਹੀਦਾ ਹੈ

a) ਟੋਲ ਰਾਹਤ ਨੂੰ ਉਹਨਾਂ ਲੋਕਾਂ 'ਤੇ ਟੀਚਾਗਤ ਬਣਾਇਆ ਜਾਣਾ ਚਾਹੀਦਾ ਹੈ ਜਿਨ੍ਹਾਂ ਨੂੰ ਆਮਦਨੀ-ਜਾਂਚ ਦੁਆਰਾ ਵਿਹਾਰਕ ਹੱਦ ਤੱਕ ਸਭ ਤੋਂ ਵੱਧ ਲੋੜ ਹੈ।

b) ਲੋੜ ਦਾ ਮੁਲਾਂਕਣ ਇਸ ਗੱਲ ਨੂੰ ਧਿਆਨ ਵਿਚ ਰੱਖੇਗਾ ਕਿ ਕੀ ਵਾਹਨ ਚਾਲਕ ਕੋਲ ਯਾਤਰਾ ਕਰਨ ਦੇ ਹੋਰ ਵਿਹਾਰਕ ਤਰੀਕੇ ਮੌਜੂਦ ਹਨ, ਜਿਵੇਂ ਕਿ ਜਨਤਕ ਆਵਾਜਾਈ

c) ਟੋਲ ਰਾਹਤ ਨੂੰ ਕੀਮਤ ਸੰਕੇਤਾਂ ਨੂੰ ਵਿਗਾੜਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ (ਜਿਵੇਂ ਕਿ ਉਹਨਾਂ ਨੂੰ ਟੋਲ ਵਾਲੇ ਨੈੱਟਵਰਕ 'ਤੇ ਯਾਤਰਾਵਾਂ ਮੁਫ਼ਤ ਨਹੀਂ ਕਰਨੀਆਂ ਚਾਹੀਦੀਆਂ ਜਦੋਂ ਤੱਕ ਅਜਿਹਾ ਕਰਨ ਦੇ ਚੰਗੇ ਨੀਤੀਗਤ ਕਾਰਨ ਨਾ ਹੋਣ)।

d) ਟੋਲ ਰਾਹਤ ਪੂਰੇ ਟੋਲ ਨੈੱਟਵਰਕ 'ਤੇ ਲਾਗੂ ਹੋਣੀ ਚਾਹੀਦੀ ਹੈ।

e) ਟੋਲ ਰਾਹਤ ਸਕੀਮ ਦੇ ਡਿਜ਼ਾਈਨ ਨੂੰ ਨੀਤੀ ਦੇ ਪਹਿਲਾਂ ਤੈਅ ਕੀਤੇ ਉਦੇਸ਼ਾਂ ਪ੍ਰਤੀ ਸਕੀਮ ਦੀ ਕਾਰਗੁਜ਼ਾਰੀ ਦੇ ਮੁਲਾਂਕਣ ਲਈ ਸਕੀਮ ਲਾਗੂ ਹੋਣ ਤੋਂ ਬਾਅਦ ਡਾਟਾ ਇਕੱਠਾ ਕਰਨ ਦਾ ਸਮਰਥਨ ਕਰਨਾ ਚਾਹੀਦਾ ਹੈ। ਨੀਤੀ ਦੇ ਪਹਿਲਾਂ ਤੈਅ ਕੀਤੇ ਉਦੇਸ਼ਾਂ ਪ੍ਰਤੀ ਸਕੀਮ ਦੀ ਕਾਰਗੁਜ਼ਾਰੀ ਦੇ ਨਤੀਜਿਆਂ ਨੂੰ ਪ੍ਰਕਾਸ਼ਿਤ ਕਰਨਾ ਨੂੰ ਟੋਲ ਪਾਰਦਰਸ਼ਤਾ ਉਪਾਵਾਂ ਦੇ ਹਿੱਸੇ ਵਜੋਂ ਵਿਚਾਰਿਆ ਜਾ ਸਕਦਾ ਹੈ, ਉਦਾਹਰਨ ਵਜੋਂ ਕੀਮਤ ਦੀ ਨਿਗਰਾਨੀ।

**ਸਿਫ਼ਾਰਸ਼ 8:** ਨੈੱਟਵਰਕ ਟੋਲਿੰਗ ਵਿੱਚ ਤਬਦੀਲ ਹੋਣ ਵਿੱਚ ਮੌਜੂਦਾ TR3 (ਟੋਲ ਦੀ ਵੱਧ ਤੋਂ ਵੱਧ ਰਕਮ $60) ਵਰਗੀਆਂ ਟੋਲ ਰਾਹਤ ਸਕੀਮਾਂ ਨੂੰ ਜਾਰੀ ਰੱਖਣ ਦਾ ਮਾਮਲਾ ਹੋ ਸਕਦਾ ਹੈ, ਜੋ ਵਾਹਨ ਚਾਲਕਾਂ ਨੂੰ ਕੁੱਝ ਰਾਹਤ ਅਤੇ ਨਿਸ਼ਚਿਤਤਾ ਪ੍ਰਦਾਨ ਕਰਦੇ ਹਨ। ਹਾਲਾਂਕਿ NSW ਸਰਕਾਰ ਨੂੰ ਸਰਕਾਰੀ ਮਾਲੀਏ 'ਤੇ ਦਬਾਅ ਨੂੰ ਘੱਟ ਕਰਨ ਲਈ, ਉਦਾਹਰਨ ਲਈ, ਇਸਦੀ ਹੱਦ $70 ਤੱਕ ਵਧਾਉਣ 'ਤੇ ਵਿਚਾਰ ਕਰਨਾ ਚਾਹੀਦਾ ਹੈ। ਸਮੇਂ ਦੇ ਨਾਲ-ਨਾਲ, ਸਾਡੇ ਟੋਲ ਰਾਹਤ ਸਿਧਾਂਤਾਂ ਦੇ ਅਨੁਸਾਰ ਆਮਦਨੀ ਸਾਧਨਾਂ ਦੀ ਜਾਂਚ ਕਰਨ ਵੱਲ ਵੀ ਕਦਮ ਚੁੱਕਣਾ ਚਾਹੀਦਾ ਹੈ।

**ਸਿਫ਼ਾਰਸ਼ 9:** ਜਦੋਂ M5 ਸਾਊਥ-ਵੈਸਟ 2026 ਵਿੱਚ WestConnex ਛੋਟ ਦਾ ਹਿੱਸਾ ਬਣ ਜਾਵੇਗਾ, ਤਾਂ ਜੇਕਰ ਸਰਕਾਰ ਫਿਰ ਵੀ ਰਾਹਤ ਸਕੀਮ ਵਿੱਚ ਸੁਧਾਰ ਕਰਨਾ ਚਾਹੁੰਦੀ ਹੈ, ਤਾਂ ਇਸ ਨੂੰ ਉਸ ਸਮੇਂ ਦੀ ਮਾਮੂਲੀ ਦਰ 'ਤੇ ਇਸ ਰਾਹਤ ਦੀ ਚੱਲ ਰਹੀ ਰਕਮ ਨੂੰ ਤੈਅ ਕਰਨਾ ਚਾਹੀਦਾ ਹੈ। ਇਸ ਸਕੀਮ ਦੀ ਹਰ ਪੰਜ ਸਾਲਾਂ ਦੇ ਸਮੇਂ ਵਿੱਚ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ ਅਤੇ ਸਿਫ਼ਾਰਸ਼ 7 ਵਿੱਚ ਦੱਸੇ ਸਿਧਾਂਤਾਂ ਦੇ ਅਨੁਸਾਰ ਸੁਧਾਰ ਕੀਤਾ ਜਾਣਾ ਚਾਹੀਦਾ ਹੈ।

### ਭਵਿੱਖੀ ਮੌਕੇ: ਮੰਗ ਨੂੰ ਪ੍ਰਭਾਵਿਤ ਕਰਨ ਲਈ ਕੀਮਤ ਦੀ ਵਰਤੋਂ ਕਰਨਾ

**ਸਿਫ਼ਾਰਸ਼ 10:** ਨੈੱਟਵਰਕ ਟੋਲਿੰਗ ਸਿਸਟਮ ਦੇ ਹਿੱਸੇ ਵਜੋਂ ਪੀਕ/ਆਫ਼-ਪੀਕ ਟੋਲ ਸਮੇਤ ਲਚਕਦਾਰ ਕੀਮਤ ਤਕਨੀਕਾਂ, ਅਤੇ ਤਬਦੀਲ ਹੋਣ ਯੋਗ ਕੀਮਤ ਉਪਲਬਧ ਹੋਣੀ ਚਾਹੀਦੀ ਹੈ।

**ਸਿਫ਼ਾਰਸ਼ 11:** NSW ਸਰਕਾਰ ਨੂੰ ਪੀਕ ਅਤੇ ਆਫ਼-ਪੀਕ ਟੋਲ ਲਈ ਸ਼ੁਰੂਆਤੀ ਧਿਆਨ ਮਾਲ-ਭਾੜੇ ਦੇ ਆਪਰੇਟਰਾਂ ਕਰਨ 'ਤੇ ਵਿਚਾਰ ਕਰਨਾ ਚਾਹੀਦਾ ਹੈ।

### ਵਾਹਨ ਵਰਗੀਕਰਨ ਅਤੇ ਖ਼ਰਚਿਆਂ ਨੂੰ ਅੱਪਡੇਟ ਕਰਨਾ

**ਸਿਫ਼ਾਰਸ਼ 12:** NSW ਸਰਕਾਰ ਨੂੰ NSW ਵਿੱਚ ਟੋਲ ਲਗਾਉਣ ਲਈ ਵਰਗੀਕਰਨ ਨੂੰ ਸੋਧਣ, ਕਲਾਸ A ਵਾਹਨਾਂ ਲਈ ਇੱਕ ਸਮਾਨ ਪਰਿਭਾਸ਼ਾ ਨੂੰ ਅਪਣਾਉਣ, ਅਤੇ ਗੱਡੀ ਨਾਲ ਖਿੱਚੇ ਜਾਣ ਵਾਲੇ ਮਨੋਰੰਜਨ ਵਾਹਨਾਂ ਅਤੇ ਮੋਟਰਸਾਈਕਲਾਂ ਲਈ ਇੱਕ ਵੱਧ ਨਿਰਪੱਖ ਵਰਗੀਕਰਨ ਦੀ ਹੋਰ ਪੜਚੋਲ ਕਰਨੀ ਚਾਹੀਦੀ ਹੈ।

**ਸਿਫ਼ਾਰਸ਼ 13:** NSW ਸਰਕਾਰ ਨੂੰ ਕਲਾਸ A ਵਾਹਨ ਮਾਪਾਂ ਤੋਂ ਵੱਧ ਵਾਲੇ ਵਾਹਨਾਂ 'ਤੇ ਟੋਲ ਮੁੱਲ ਗੁਣਕ ਲਾਗੂ ਕਰਨਾ ਜਾਰੀ ਰੱਖਣਾ ਚਾਹੀਦਾ ਹੈ।

**ਸਿਫ਼ਾਰਸ਼ 14:** NSW ਸਰਕਾਰ ਨੂੰ ਇਹਨਾਂ ਵਾਹਨਾਂ ਨੂੰ ਟੋਲ ਸੜਕਾਂ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕਰਨ ਲਈ ਦਰਮਿਆਨੀ-ਸ਼੍ਰੇਣੀ ਦੇ ਭਾਰੀ ਵਾਹਨਾਂ ਲਈ ਇੱਕ ਨਵੇਂ ਵਰਗੀਕਰਨ ਦੀ ਜਾਂਚ ਕਰਨੀ ਚਾਹੀਦੀ ਹੈ।

**ਸਿਫ਼ਾਰਸ਼ 15:** ਵਾਹਨਾਂ ਦੇ ਗੁਣਕ ਨੂੰ ਟੋਲ ਸੜਕ ਨੈੱਟਵਰਕ 'ਤੇ ਲਗਾਤਾਰ ਲਾਗੂ ਕੀਤਾ ਜਾਣਾ ਚਾਹੀਦਾ ਹੈ।

**ਸਿਫ਼ਾਰਸ਼ 16:** NSW ਸਰਕਾਰ ਨੂੰ ਸਾਰੇ ਨੈੱਟਵਰਕ ਵਿੱਚ ਇਕਸਾਰਤਾ ਨੂੰ ਯਕੀਨੀ ਬਣਾਉਣ ਲਈ ਜਨਤਕ ਬੱਸ ਸੇਵਾਵਾਂ ਨੂੰ ਟੋਲ ਤੋਂ ਛੋਟ ਦੇਣ ਦੇ ਪ੍ਰਬੰਧਾਂ ਨੂੰ ਸਰਲ ਬਣਾਉਣਾ ਚਾਹੀਦਾ ਹੈ।

## ਟੋਲ ਕਵਰੇਜ ਦਾ ਵਿਸਥਾਰ ਕਰਨਾ

**ਸਿਫ਼ਾਰਸ਼ 17:** ਇਕਸਾਰ ਦੋ-ਪੱਖੀ ਟੋਲਿੰਗ ਇਸ ਨੈੱਟਵਰਕ ਟੋਲਿੰਗ ਪ੍ਰਣਾਲੀ ਦਾ ਹਿੱਸਾ ਹੋਣੀ ਚਾਹੀਦੀ ਹੈ। ਲਾਗੂ ਕਰਨ ਦੇ ਨਾਲ-ਨਾਲ ਵਿਹਾਰਕ ਮੁੱਦਿਆਂ ਦੀ ਅਜੇ ਵੀ ਜਾਂਚ ਕੀਤੀ ਜਾਣੀ ਚਾਹੀਦੀ ਹੈ।

**ਸਿਫ਼ਾਰਸ਼ 18:** NSW ਸਰਕਾਰ ਨੂੰ ਵਧੇਰੇ ਇਕਸਾਰਤਾ, ਕੁਸ਼ਲਤਾ ਅਤੇ ਨਿਰਪੱਖਤਾ ਪ੍ਰਾਪਤ ਕਰਨ ਲਈ ਸਿਡਨੀ ਵਿੱਚ ਟੋਲ ਕੀਤੇ ਨੈੱਟਵਰਕ ਦੇ ਦਾਇਰੇ ਦੀ ਜਾਂਚ ਕਰਨੀ ਚਾਹੀਦੀ ਹੈ।

## ਕੀਮਤ ਸੁਧਾਰਾਂ ਦਾ ਸ਼ੁਰੂਆਤੀ ਮੁਲਾਂਕਣ

**ਸਿਫ਼ਾਰਸ਼ 19:** NSW ਸਰਕਾਰ ਨੂੰ ਇਸ ਸਮੀਖਿਆ ਦੁਆਰਾ ਕੀਤੀ ਗਈ ਇਸ ਮਾਡਲਿੰਗ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਕਿਸੇ ਵੀ ਨੈੱਟਵਰਕ ਟੋਲਿੰਗ ਦੀ ਸ਼ੁਰੂਆਤ ਤੋਂ ਪਹਿਲਾਂ ਇਸ ਮਾਡਲਿੰਗ ਨੂੰ ਜਾਰੀ ਰੱਖਣ ਦੀ ਲੋੜ ਹੋਵੇਗੀ।

## NSW ਮੋਟਰਵੇਜ਼ ਇਕਾਈ

**ਸਿਫ਼ਾਰਸ਼ 20:** NSW ਸਰਕਾਰ ਨੂੰ NSW ਟੋਲ ਸੜਕਾਂ 'ਤੇ ਸ਼ਾਸਨ ਅਤੇ ਜਵਾਬਦੇਹੀ ਨੂੰ ਮਜ਼ਬੂਤ ਕਰਨ ਲਈ ਵਾਹਨ ਚਾਲਕਾਂ ਲਈ ਨਤੀਜਿਆਂ ਅਤੇ ਪਾਰਦਰਸ਼ਤਾ ਨੂੰ ਬਿਹਤਰ ਬਣਾਉਣ ਦੀ ਜ਼ਿੰਮੇਵਾਰੀ ਦੇ ਨਾਲ ਇੱਕ ਸਰਕਾਰੀ-ਮਾਲਕੀਅਤ ਵਾਲੀ ਵਿਸ਼ੇਸ਼ ਉਦੇਸ਼ ਸੰਸਥਾ (‘NSW ਮੋਟਰਵੇਜ਼’) ਦੀ ਸਥਾਪਨਾ ਕਰਨੀ ਚਾਹੀਦੀ ਹੈ।

NSW ਮੋਟਰਵੇਜ਼ ਟੋਲ ਸੁਧਾਰਾਂ ਨੂੰ ਪ੍ਰੇਰਿਤ ਅਤੇ ਲਾਗੂ ਕਰੇਗਾ:

a) NSW ਮੋਟਰਵੇਜ਼ ਸਮੇਂ-ਸਮੇਂ 'ਤੇ ਫੇਰਬਦਲਾਂ ਦੇ ਨਾਲ-ਨਾਲ, ਵਾਹਨ ਚਾਲਕਾਂ ਦੁਆਰਾ ਭੁਗਤਾਨ ਯੋਗ ਨੈੱਟਵਰਕ ਟੋਲ ਕੀਮਤਾਂ ਨਿਰਧਾਰਤ ਕਰੇਗਾ।

b) NSW ਮੋਟਰਵੇਜ਼ ਮੁਕਾਬਲੇਬਾਜ਼ੀ ਦੇ ਨਤੀਜਿਆਂ ਵਿੱਚ ਸੁਧਾਰ ਕਰੇਗਾ।

c) NSW ਮੋਟਰਵੇਜ਼ ਮੌਜੂਦਾ TfNSW ਟੋਲ ਉਗਰਾਹੀ ਕਾਰਜਾਂ (ਈ-ਟੋਲ ਰਿਟੇਲ ਕਾਰੋਬਾਰ ਅਤੇ ਟੋਲ ਨੋਟਿਸ ਜਾਰੀ ਕਰਨਾ) ਨੂੰ ਆਪਣੇ ਵਿੱਚ ਸਮਾ ਲਵੇਗਾ।

d) NSW ਮੋਟਰਵੇਜ਼ ਦਾ NSW ਵਿੱਚ ਵਾਹਨ ਚਾਲਕਾਂ ਲਈ ਟੋਲ ਰੋਡ ਅਨੁਭਵ ਨੂੰ ਬਿਹਤਰ ਬਣਾਉਣ ਲਈ ਨਿਰੰਤਰ ਨਵੀਨਤਾਕਾਰੀ ਕਰਦੇ ਰਹਿਣ 'ਤੇ ਨਿਰੰਤਰ ਧਿਆਨ ਹੋਵੇਗਾ।

**ਸਿਫ਼ਾਰਸ਼ 21:** NSW ਸਰਕਾਰ ਨੂੰ ਨਿੱਜੀ ਤੌਰ 'ਤੇ ਸੰਚਾਲਿਤ ਟੋਲ ਸੜਕਾਂ ਦੀ ਮਾਲਕੀ ਅਤੇ ਠੇਕੇ ਦੇ ਪ੍ਰਬੰਧਨ ਲਈ ਵਿਕਲਪਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ, ਜਿਸ ਵਿੱਚ ਇਹ ਵੀ ਸ਼ਾਮਿਲ ਹੈ ਕਿ ਕੀ ਉਨ੍ਹਾਂ ਨੂੰ TfNSW ਤੋਂ NSW ਮੋਟਰਵੇਜ਼ ਇਕਾਈ ਦੇ ਅਧੀਨ ਲਿਆਉਣਾ ਹੈ ਜਾਂ ਨਹੀਂ।

**ਸਿਫ਼ਾਰਸ਼ 22:** NSW ਸਰਕਾਰ ਨੂੰ ਜਨਤਕ ਟੋਲ ਸੜਕਾਂ ਬਾਰੇ ਪ੍ਰਬੰਧਕੀ ਪ੍ਰਬੰਧਾਂ ਲਈ ਵਿਕਲਪਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ, ਜਿਸ ਵਿੱਚ ਇਹ ਵੀ ਸ਼ਾਮਿਲ ਹੈ ਕਿ ਕੀ ਉਨ੍ਹਾਂ ਨੂੰ TfNSW ਤੋਂ NSW ਮੋਟਰਵੇਜ਼ ਇਕਾਈ ਦੇ ਅਧੀਨ ਲਿਆਉਣਾ ਹੈ ਜਾਂ ਨਹੀਂ।

## ਰਿਆਇਤ-ਧਾਰਕਾਂ ਨਾਲ ਗੱਲਬਾਤ

**ਸਿਫ਼ਾਰਸ਼ 23:** NSW ਸਰਕਾਰ ਨੂੰ 2024 ਦੇ ਅੰਤ ਤੱਕ ਨੈੱਟਵਰਕ ਟੋਲਿੰਗ ਨੂੰ ਲਾਗੂ ਕਰਨ ਲਈ ਰਿਆਇਤ-ਧਾਰਕਾਂ ਨਾਲ ਸਿਧਾਂਤਕ ਸਮਝੌਤਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੇਕਰ ਇਸ ਸਮਾਂ-ਸੀਮਾ ਦੇ ਅੰਦਰ-ਅੰਦਰ ਸਰਕਾਰ ਦੀ ਸੰਤੁਸ਼ਟੀ ਮੁਤਾਬਿਕ ਇਹ ਸਮਝੌਤਾ ਹੋਣ ਦੀ ਸੰਭਾਵਨਾ ਨਹੀਂ ਹੈ, ਤਾਂ ਵਿਧਾਨਿਕ ਪੈਕੇਜ ਨੂੰ ਸਰਗਰਮ ਕੀਤਾ ਜਾਣਾ ਚਾਹੀਦਾ ਹੈ ਜਿਸਦਾ ਹਵਾਲਾ ਸਿਫਾਰਸ਼ 27 ਵਿੱਚ ਦਿੱਤਾ ਗਿਆ ਹੈ।

## ਟੋਲ ਨਿਰਧਾਰਤ ਕਰਨ ਲਈ ਆਤਮ-ਨਿਰਭਰ ਸੰਸਥਾ ਵੱਲੋਂ ਨਿਗਰਾਨੀ

**ਸਿਫ਼ਾਰਸ਼ 24:** NSW ਸਰਕਾਰ ਨੂੰ IPART ਦੁਆਰਾ ਟੋਲ ਨਿਗਰਾਨੀ ਲਈ ਇੱਕ ਕਾਨੂੰਨੀ ਢਾਂਚਾ ਪੇਸ਼ ਕਰਨਾ ਚਾਹੀਦਾ ਹੈ। ਇਸ ਢਾਂਚੇ ਨੂੰ IPART ਨੂੰ ਕੀਮਤਾਂ ਦੀ ਨਿਗਰਾਨੀ ਕਰਨ, ਜਾਂਚ ਕਰਨ ਅਤੇ ਮੰਤਰਾਲੇ ਦੇ ਰੈਫ਼ਰਲ 'ਤੇ ਟੋਲ ਦੀ ਸਿਫ਼ਾਰਸ਼ ਕਰਨ ਦੀ ਆਗਿਆ ਦੇਣੀ ਚਾਹੀਦੀ ਹੈ।

**ਸਿਫ਼ਾਰਸ਼ 25:** ਸੰਬੰਧਿਤ ਮੰਤਰੀ ਨੂੰ IPART ਨੂੰ ਸਿਫਾਰਸ਼ ਕਰਨੀ ਚਾਹੀਦੀ ਹੈ ਕਿ ਉਹ TfNSW ਅਤੇ NSW ਮੋਟਰਵੇਜ਼ ਇਕਾਈ ਨਾਲ ਮਿਲ ਕੇ ਕੀਮਤਾਂ ਦੀ ਨਿਗਰਾਨੀ ਕਰਨ ਲਈ ਕੰਮ ਕਰੇ, ਜਿਸ ਵਿੱਚ ਸ਼ਾਮਿਲ ਹਨ:

a) ਨੈੱਟਵਰਕ ਟੋਲਾਂ ਦੇ ਵਿੱਤੀ ਅਤੇ ਆਵਾਜਾਈ ਪ੍ਰਭਾਵ।

b) ਟੋਲ ਰਾਹਤ ਸਕੀਮਾਂ ਦਾ ਸੰਚਾਲਨ।

c) ਦਿਨ ਦੇ ਸਮੇਂ ਦੇ ਅਨੁਸਾਰ ਟੋਲਿੰਗ ਦੀ ਲੋੜ ਅਤੇ ਇਸਦਾ ਸੰਚਾਲਨ।

d) ਰਿਆਇਤ-ਧਾਰਕਾਂ ਦੀਆਂ BCFM ਉਮੀਦਾਂ ਦੇ ਸੰਬੰਧ ਵਿੱਚ ਉਨ੍ਹਾਂ ਦੀ ਕਾਰਗੁਜ਼ਾਰੀ।

**ਸਿਫ਼ਾਰਸ਼ 26:** ਸੰਬੰਧਿਤ ਮੰਤਰੀ ਨੂੰ IPART ਨੂੰ ਸਿਫਾਰਸ਼ ਕਰਨੀ ਚਾਹੀਦੀ ਹੈ ਕਿ ਉਹ ਟੋਲ ਦੇ ਸੰਬੰਧ ਵਿੱਚ ਸਿਫ਼ਾਰਸ਼ਾਂ ਕਰਨ ਲਈ IPART ਦੁਆਰਾ ਭਵਿੱਖ ਵਿੱਚ ਅਪਣਾਈ ਜਾ ਸਕਣ ਵਾਲੀ ਵਿਧੀ ਦੀ ਜਾਂਚ ਕਰਨ।

## ਟੋਲ ਨਿਰਧਾਰਤ ਕਰਨਾ - ਕਾਨੂੰਨੀ ਪੈਕੇਜ

**ਸਿਫ਼ਾਰਸ਼ 27**: ਜੇਕਰ 2024 ਦੇ ਅੰਤ ਤੱਕ ਨੈੱਟਵਰਕ ਟੋਲਿੰਗ ਨੂੰ ਲਾਗੂ ਕਰਨ ਲਈ ਰਿਆਇਤ-ਧਾਰਕਾਂ ਨਾਲ ਸਿਧਾਂਤਕ ਸਮਝੌਤਾ ਨਹੀਂ ਹੁੰਦਾ ਹੈ, ਤਾਂ NSW ਮੋਟਰਵੇਜ਼ ਇਕਾਈ ਅਤੇ IPART ਭੂਮਿਕਾਵਾਂ ਨੂੰ ਸਥਾਪਿਤ ਕਰਨ ਤੋਂ ਇਲਾਵਾ, ਕਾਨੂੰਨੀ ਪੈਕੇਜ ਵਿੱਚ ਇਹ ਵੀ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ:

a) ਜੇਕਰ ਲੋੜ ਹੋਵੇ ਤਾਂ ਨੈੱਟਵਰਕ ਟੋਲ ਕੀਮਤਾਂ ਨੂੰ ਇਕਰਾਰਨਾਮੇ ਦੇ ਢਾਂਚੇ ਤੋਂ ਸੁਤੰਤਰ ਤੌਰ 'ਤੇ ਸੈੱਟ ਕਰਨ ਲਈ ਵੀ ਸਮਰੱਥ ਬਣਾਉਣਾ ਚਾਹੀਦਾ ਹੈ।

b) ਜੇਕਰ ਲੋੜ ਹੋਵੇ ਤਾਂ ਟੋਲ ਰੋਡ ਓਪਰੇਟਰਾਂ ਵਿਚਕਾਰ ਨੈੱਟਵਰਕ ਟੋਲ ਮਾਲੀਏ ਦੀ ਉਚਿਤ ਵੰਡ ਨੂੰ ਸਮਰੱਥ ਬਣਾਉਣ ਲਈ ਇੱਕ ਮਾਲੀਆ ਫੇਰ-ਬਦਲ ਵਿਧੀ ਪ੍ਰਦਾਨ ਕਰਨੀ ਚਾਹੀਦੀ ਹੈ।

c) ਇੱਕ ਸੁਤੰਤਰ ਟੋਲ ਮਸਲਿਆਂ ਨੂੰ ਹੱਲ ਕਰਨ ਲਈ ਵਿਧੀ ਪ੍ਰਦਾਨ ਕਰਨੀ ਚਾਹੀਦੀ ਹੈ।

d) NSW ਟੋਲ ਸੜਕਾਂ ਲਈ ਵਿਧਾਨਿਕ ਢਾਂਚੇ ਦਾ ਆਧੁਨਿਕੀਕਰਨ ਕਰਨਾ ਚਾਹੀਦਾ ਹੈ।

## ਮੁਕਾਬਲੇਬਾਜ਼ੀ ਨਾਲ ਸੰਬੰਧਿਤ ਉਪਾਅ

**ਸਿਫ਼ਾਰਸ਼ 28:** NSW ਸਰਕਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਭਵਿੱਖ ਦੀਆਂ ਖ਼ਰੀਦ ਪ੍ਰਕਿਰਿਆਵਾਂ ਵੱਲ ਇੱਕ ਮੁਕਾਬਲੇਬਾਜ਼ੀ ਵਾਲੇ ਉਦਯੋਗ ਢਾਂਚੇ ਨੂੰ ਬਣਾਈ ਰੱਖਣ ਦੀ ਇਸ ਇੱਛਾ ਅਨੁਸਾਰ ਵਧੇਰੇ ਧਿਆਨ ਦਿੱਤਾ ਜਾਵੇ।

**ਸਿਫ਼ਾਰਸ਼ 29:** NSW ਸਰਕਾਰ ਨੂੰ ਮੁਕਾਬਲੇਬਾਜ਼ੀ ਨੂੰ ਵਧਾਉਣ ਦੇ ਉਦੇਸ਼ ਨਾਲ ਮੌਜੂਦਾ ਰਿਆਇਤ ਸਮਝੌਤਿਆਂ ਦੀ ਸਮੀਖਿਆ ਕਰਨੀ ਚਾਹੀਦੀ ਹੈ।

**ਸਿਫ਼ਾਰਸ਼ 30**: NSW ਸਰਕਾਰ ਨੂੰ ਟੋਲ ਸੜਕਾਂ ਦੀ ਭਵਿੱਖੀ ਖ਼ਰੀਦ ਦੀ ਪਹੁੰਚ ਵਿੱਚ ਥੋੜ੍ਹੇ ਸਮੇਂ ਦੇ ਲਾਭਾਂ ਦੀ ਬਜਾਏ ਨਿਯੰਤਰਣ ਅਤੇ ਮੁਕਾਬਲੇਬਾਜ਼ੀ ਦੇ ਲੰਬੇ ਸਮੇਂ ਦੇ ਪ੍ਰਭਾਵਾਂ 'ਤੇ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ।

**ਸਿਫ਼ਾਰਸ਼ 31:** ਟੋਲ ਨਿਰਧਾਰਤ ਕਰਨ ਦੇ ਹੋਰ ਪਹਿਲੂਆਂ ਵਾਂਗ, ਰਿਆਇਤ ਸਮਝੌਤਿਆਂ ਦੀ ਲੰਬਾਈ ਨੂੰ ਨਿਰਧਾਰਤ ਕਰਨ ਦੇ ਸੰਬੰਧ ਵਿੱਚ ਸਪੱਸ਼ਟ ਜਨਤਕ ਪਾਰਦਰਸ਼ਤਾ ਹੋਣੀ ਚਾਹੀਦੀ ਹੈ। ਰਿਆਇਤ ਦੀ ਮਿਆਦ ਸਪੱਸ਼ਟ ਜਨਤਕ ਹਿੱਤਾਂ ਦੇ ਵਿਚਾਰਾਂ 'ਤੇ ਅਧਾਰਿਤ ਹੋਣੀ ਚਾਹੀਦੀ ਹੈ, ਜਿਸ ਵਿੱਚ ਮੁਕਾਬਲੇਬਾਜ਼ੀ ਸਹਿਤ ਉਦਯੋਗਿਕ ਢਾਂਚੇ ਨੂੰ ਕਾਇਮ ਰੱਖਣਾ ਸ਼ਾਮਲ ਹੈ।

**ਸਿਫ਼ਾਰਸ਼ 32:** NSW ਸਰਕਾਰ ਨੂੰ ਨਵੀਆਂ ਟੋਲ ਰੋਡ ਰਿਆਇਤਾਂ ਲਈ ਬਿਨ-ਮੰਗੇ ਪ੍ਰਸਤਾਵਾਂ ਦੇ ਮੁਕਾਬਲੇ ਮੁਕਾਬਲੇਬਾਜ਼ੀ ਵਾਲੀਆਂ ਟੈਂਡਰ ਪ੍ਰਕਿਰਿਆਵਾਂ ਦਾ ਸਮਰਥਨ ਕਰਨਾ ਚਾਹੀਦਾ ਹੈ।

**ਸਿਫ਼ਾਰਸ਼ 33:** NSW ਸਰਕਾਰ ਨੂੰ ਭਵਿੱਖ ਦੀਆਂ ਟੋਲ ਸੜਕਾਂ ਦੇ PPPs ਲਈ ਮੁਕਾਬਲੇ ਨੂੰ ਉਤਸ਼ਾਹਿਤ ਕਰਨ ਲਈ ਰੋਮਿੰਗ ਫ਼ੀਸਾਂ ਨੂੰ ਨਿਯਮਤ ਕਰਨਾ ਚਾਹੀਦਾ ਹੈ।

**ਸਿਫ਼ਾਰਸ਼ 34:** ਜਨਤਾ ਨੂੰ ਟੋਲ ਦੀ ਸਥਾਪਨਾ ਦੇ ਸੰਬੰਧ ਵਿੱਚ ਪੂਰੀ ਜਾਣਕਾਰੀ ਦਾ ਖੁਲਾਸਾ ਕੀਤਾ ਜਾਣਾ ਚਾਹੀਦਾ ਹੈ। ਇਹ ਸਮੀਖਿਆ ਸਿਫ਼ਾਰਸ਼ ਕਰਦੀ ਹੈ ਕਿ ਰਿਆਇਤ-ਧਾਰਕਾਂ ਦੇ ਨਾਲ ਮਿਲਕੇ ਸਰਕਾਰ ਇਸ ਸੰਬੰਧ ਵਿੱਚ ਸੰਬੰਧਿਤ BCFM ਜਾਣਕਾਰੀ ਦੇ ਖੁਲਾਸੇ ਵਿੱਚ ਆਉਂਦੀਆਂ ਰੁਕਾਵਟਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰੇ।

## ਵਾਹਨ ਚਾਲਕਾਂ ਲਈ ਪਾਰਦਰਸ਼ਤਾ

**ਸਿਫ਼ਾਰਸ਼ 35:** ਅਤੀਤ ਅਤੇ ਅਨੁਮਾਨਿਤ ਟੋਲ ਖ਼ਰਚਿਆਂ ਬਾਰੇ ਵਿਅਕਤੀਗਤ ਜਾਣਕਾਰੀ ਪ੍ਰਦਾਨ ਕਰਕੇ ਵਾਹਨ ਚਾਲਕਾਂ ਲਈ ਪ੍ਰਚੂਨ ਅਨੁਭਵ ਵਿੱਚ ਸੁਧਾਰ ਕਰਨਾ।

**ਸਿਫ਼ਾਰਸ਼ 36:** NSW ਸਰਕਾਰ ਨੂੰ ਵਾਹਨ ਚਾਲਕਾਂ ਲਈ ਔਨਲਾਈਨ, ਸੜਕ 'ਤੇ ਅਤੇ ਸਰਵਿਸ NSW ਰਾਹੀਂ ਉਪਲਬਧ ਫ਼ੈਸਲੇ ਲੈਣ ਅਤੇ ਯਾਤਰਾ ਦੀ ਯੋਜਨਾ ਬਾਰੇ ਜਾਣਕਾਰੀ ਵਿੱਚ ਸੁਧਾਰ ਕਰਨਾ ਚਾਹੀਦਾ ਹੈ।



NSW GOVERNMENT

## ਟੋਲਿੰਗ ਗਾਹਕ ਐਡਵੋਕੇਟ

**ਸਿਫਾਰਸ਼ 37:** NSW ਸਰਕਾਰ ਨੂੰ NSW ਮੋਟਰਵੇਜ਼ ਇਕਾਈ ਦੇ ਅੰਦਰ ਇੱਕ ਟੋਲਿੰਗ ਗਾਹਕ ਐਡਵੋਕੇਟ ਫੰਕਸ਼ਨ ਸਥਾਪਿਤ ਕਰਨਾ ਚਾਹੀਦਾ ਹੈ, ਜੋ ਕਿ:

a) ਵਾਹਨ ਚਾਲਕਾਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਪ੍ਰਣਾਲੀਗਤ ਸਮੱਸਿਆਵਾਂ 'ਤੇ ਵਿਚਾਰ ਕਰੇ ਅਤੇ, ਜਿੱਥੇ ਲਾਗੂ ਹੋਵੇ, ਉੱਥੇ ਸ਼ਿਕਾਇਤਾਂ ਨੂੰ ਹੋਰ ਸੰਬੰਧਿਤ ਏਜੰਸੀਆਂ ਨੂੰ ਭੇਜੇ।

b) ਭਵਿੱਖ ਦੀਆਂ ਗਾਹਕ ਸ਼ਿਕਾਇਤਾਂ ਨੂੰ ਘਟਾਉਣ ਅਤੇ ਟੋਲ ਕਾਨੂੰਨ ਦੀ ਪਾਲਣਾ ਨੂੰ ਸੁਧਾਰਨ ਲਈ ਪ੍ਰਣਾਲੀਆਂ, ਪ੍ਰਕਿਰਿਆਵਾਂ ਅਤੇ ਕਾਨੂੰਨ ਵਿੱਚ ਸੁਧਾਰ ਕਰਨ ਲਈ ਪ੍ਰਭਾਵ ਪਾਉਂਦਾ ਹੋਵੇ।

c) ਗਾਹਕ ਸਿੱਖਿਆ ਅਤੇ ਜਾਗਰੂਕਤਾ ਮੁਹਿੰਮਾਂ ਨਾਲ ਨਜਿੱਠਣ ਲਈ।

d) ਨੈੱਟਵਰਕ ਟੋਲਿੰਗ ਵਿੱਚ ਤਬਦੀਲ ਹੋਣ ਕਾਰਨ ਪੈਦਾ ਹੋ ਰਹੇ ਨਵੇਂ "ਦੁੱਖਦੇ ਬਿੰਦੂਆਂ" ਦਾ ਹੱਲ ਕਰਨ ਲਈ।

e) ਇਹ ਯਕੀਨੀ ਬਣਾਇਆ ਜਾ ਸਕੇ ਕਿ ਗਾਹਕਾਂ ਦੀਆਂ ਸ਼ਿਕਾਇਤਾਂ ਵਧੀਆਂ ਹਨ, ਅਤੇ ਸਹੀ ਸਮੇਂ ਦੇ ਅੰਦਰ-ਅੰਦਰ ਜਵਾਬ ਦਿੱਤਾ ਗਿਆ ਹੈ ਅਤੇ ਜਵਾਬ ਪੂਰੇ ਅਤੇ ਨਿਰਪੱਖ ਹਨ।

f) ਸਰਕਾਰ ਅਤੇ ਉਦਯੋਗ ਦੁਆਰਾ ਟੋਲ ਸੁਧਾਰਾਂ ਨੂੰ ਲਾਗੂ ਕਰਨ ਬਾਰੇ ਨਿਯਮਤ ਰਿਪੋਰਟਾਂ ਪ੍ਰਕਾਸ਼ਿਤ ਕੀਤੀਆਂ ਜਾ ਸਕਣ।

**ਸਿਫਾਰਸ਼ 38:** NSW ਸਰਕਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਟੋਲ ਸੜਕ ਓਪਰੇਟਰਾਂ ਨੂੰ ਕਰਜ਼ੇ ਦੀ ਵਸੂਲੀ ਦੀ ਕਾਰਵਾਈ ਨੂੰ ਉਦੋਂ ਤੱਕ ਮੁਅੱਤਲ ਕਰਨ ਦੀ ਲੋੜ ਹੈ ਜਦੋਂ ਤੱਕ NSW ਮੋਟਰਵੇਜ਼ ਇਕਾਈ ਆਪਣੀ ਗਾਹਕ ਐਡਵੋਕੇਟ ਭੂਮਿਕਾ ਵਿੱਚ ਕਿਸੇ ਵਿਵਾਦਿਤ ਕਰਜ਼ੇ ਵਾਲੇ ਵਾਹਨ ਚਾਲਕ ਦੀ ਸਹਾਇਤਾ ਕਰ ਰਹੀ ਹੈ।

## ਉਦਯੋਗ ਲੋਕਪਾਲ

**ਸਿਫਾਰਸ਼ 39:** NSW ਸਰਕਾਰ ਨੂੰ ਵਿਕਟੋਰੀਆ ਅਤੇ ਕੁਇਨਸਲੈਂਡ ਦੀਆਂ ਸਰਕਾਰਾਂ ਨਾਲ ਮਿਲ ਕੇ ਸਹਿਕਾਰੀ ਕਾਨੂੰਨ ਦੀ ਜਾਂਚ ਕਰਨੀ ਚਾਹੀਦੀ ਹੈ, ਜਿਸ ਅਨੁਸਾਰ ਟੋਲ ਸੜਕ ਆਪਰੇਟਰਾਂ ਅਤੇ ਪ੍ਰਚੂਨ ਵਿਕਰੇਤਾਵਾਂ ਨੂੰ ਇੱਕ ਕਾਨੂੰਨੀ ਤੌਰ 'ਤੇ ਮੰਨਜ਼ੂਰ ਕੀਤੀ ਗਈ ਸੁਤੰਤਰ ਵਿਵਾਦ ਨਿਪਟਾਰਾ ਯੋਜਨਾ ਦੇ ਮੈਂਬਰ ਬਣਨ ਦੀ ਲੋੜ ਹੋਵੇ।

## ਟੋਲ ਨੋਟਿਸ

ਸਿਫਾਰਸ਼ 40: NSW ਸਰਕਾਰ ਨੂੰ ਟੋਲ ਨੋਟਿਸਾਂ ਨੂੰ ਸਰਲ ਅਤੇ ਆਧੁਨਿਕ ਬਣਾਉਣਾ ਚਾਹੀਦਾ ਹੈ।

## ਕਰਜ਼ੇ ਦੀ ਵਸੂਲੀ - ਅਪਰਾਧਿਕ ਕਾਨੂੰਨ ਲਾਗੂ ਕਰਨਾ

**ਸਿਫਾਰਸ਼ 41:** NSW ਸਰਕਾਰ ਨੂੰ ਟੋਲ ਨਾ ਦੇਣ ਦੇ ਅਪਰਾਧਾਂ ਨਾਲ ਸੰਬੰਧਿਤ ਕਾਨੂੰਨ ਅਤੇ ਨੀਤੀਆਂ ਦੀ ਸਮੀਖਿਆ ਕਰਨੀ ਚਾਹੀਦੀ ਹੈ, ਜਿਸ ਵਿੱਚ ਸ਼ਾਮਿਲ ਹਨ;

a) ਨੈੱਟਵਰਕ ਟੋਲਿੰਗ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ, ਇਹ ਯਕੀਨੀ ਬਣਾਉਣ ਲਈ ਅਪਰਾਧ ਵਿੱਚ ਸੋਧ ਕਰਨਾ ਕਿ ਉਨ੍ਹਾਂ ਸੜਕਾਂ ਲਈ ਇੱਕ ਯਾਤਰਾ ਲਈ ਭੁਗਤਾਨ ਨਾ ਕਰਨ 'ਤੇ ਸਿਰਫ਼ ਇੱਕ ਅਪਰਾਧ ਹੋਵੇ ਜਿੱਥੇ ਇਕੱਠੇ ਟ੍ਰਿਪ ਟੋਲ ਵਰਤੇ ਜਾਂਦੇ ਹਨ (ਮੌਜੂਦਾ ਸਮੇਂ ਵਿੱਚ WestConnex)

b) ਨੈੱਟਵਰਕ ਟੋਲਿੰਗ ਦੀ ਸ਼ੁਰੂਆਤ ਦੇ ਹਿੱਸੇ ਵਜੋਂ ਟੋਲ ਭੁਗਤਾਨ ਨਾ ਕਰਨ ਦੇ ਅਪਰਾਧ ਨੂੰ ਸੋਧਣਾ ਤਾਂ ਜੋ ਹਰੇਕ ਯਾਤਰਾ ਲਈ ਸਿਰਫ਼ ਇੱਕ ਅਪਰਾਧ ਦੋਸ਼ ਲੱਗ ਸਕੇ।

c) ਇਹ ਯਕੀਨੀ ਬਣਾਉਣਾ ਕਿ ਅਪਰਾਧ ਡਰਾਈਵਰ ਜਾਂ ਰਜਿਸਟਰਡ ਵਾਹਨ ਮਾਲਕ 'ਤੇ ਸਭ ਤੋਂ ਵੱਧ ਢੁੱਕਵੇਂ ਅਤੇ ਨਿਰਪੱਖ ਤਰੀਕੇ ਨਾਲ ਲਾਗੂ ਹੁੰਦਾ ਹੈ

## ਕਰਜ਼ੇ ਦੀ ਵਸੂਲੀ - ਸਿਵਲ

**ਸਿਫ਼ਾਰਸ਼ 42:** ਆਪਣੀ ਗਾਹਕ ਐਡਵੋਕੇਟ ਭੂਮਿਕਾ ਰਾਹੀਂ NSW ਮੋਟਰਵੇਜ਼ ਇਕਾਈ ਨੂੰ ਸਿਵਲ ਕਰਜ਼ੇ ਦੀਆਂ ਵਸੂਲੀ ਪ੍ਰਣਾਲੀਆਂ ਵਿੱਚ ਸੁਧਾਰ ਲਈ ਹੋਰ ਮੌਕੇ ਖੋਜਣੇ ਚਾਹੀਦੇ ਹਨ, ਜਿਸ ਵਿੱਚ ਸ਼ਾਮਿਲ ਹਨ:

a) ਹਰ ਟੋਲ ਸੜਕ ਓਪਰੇਟਰ ਸਭ ਤੋਂ ਵਧੀਆ ਕੰਮ ਕਰਨ ਦੇ ਤਰੀਕਿਆਂ ਦਾ ਗਾਹਕ ਚਾਰਟਰ ਤਿਆਰ ਅਤੇ ਪ੍ਰਕਾਸ਼ਿਤ ਕਰੇ।

b) ਸਿਵਲ ਕਰਜ਼ੇ ਦੀ ਵਸੂਲੀ 'ਤੇ ਕਿਸੇ ਵੀ ਕਾਨੂੰਨੀ ਰੁਕਾਵਟਾਂ ਦੀ ਸਮੀਖਿਆ ਕਰਨੀ।

c) ਰਜਿਸਟਰਡ ਵਾਹਨ ਮਾਲਕਾਂ ਲਈ ਉਪਲਬਧ ਸੰਪਰਕ ਜਾਣਕਾਰੀ ਦੀ ਸ਼ੁੱਧਤਾ ਨੂੰ ਸੁਧਾਰਨ ਲਈ ਰਣਨੀਤੀਆਂ ਨੂੰ ਵਿਕਸਿਤ ਕਰਨਾ।